# ਟ੍ਰੱਸਟ ਟਾਕਸ ਨਿਊਜ਼ਲੈਟਰ – ਗਰਮ ਰੁੱਤ 2020

## ਸਾਨੂੰ ਨਵੇਂ ਨਾਮ ਦੀ ਲੋੜ ਹੈ!

ਪੰਦਰਾਂ ਸਾਲ ਨਾਲੋਂ ਵੱਧ ਸਮੇਂ ਤੋਂ ਅਸੀਂ ਆਪਣੇ ਗਾਹਕਾਂ ਨੂੰ ਟ੍ਰੱਸਟ ਟਾਕਸ ਭੇਜਦੇ ਆ ਰਹੇ ਹਾਂ – ਪਰ ਹੁਣ ਤਬਦੀਲੀ ਦਾ ਸਮਾਂ ਆ ਗਿਆ ਹੈ!

ਤੁਸੀਂ ਦੇਖਿਆ ਹੋਵੇਗਾ ਕਿ ਹੁਣ ਅਸੀਂ ਆਪਣੇ ਆਪ ਨੂੰ ਦਿ ਰੀਕਿੰਨ ਹਾਊਸਿੰਗ ਟ੍ਰੱਸਟ ਦੇ ਰੂਪ ਵਿਚ ਪੇਸ਼ ਨਹੀਂ ਕਰ ਰਹੇ। ਅਸੀਂ ਸਭ ਕੁੱਝ ਨੂੰ ਦਿ ਰੀਕਿੰਨ ਹਾਊਸਿੰਗ ਗਰੁੱਪ ਵਿਚ ਤਬਦੀਲ ਕਰ ਰਹੇ ਹਾਂ; ਤੁਸੀਂ ਦੇਖਿਆ ਹੋਵੇਗਾ ਕਿ ਹੁਣ ਸਾਡੀ ਵੈਬਸਾਈਟ ਦਾ ਨਾਮ Wrekin.com ਹੈ।

ਕਿਉਂਕਿ ਹਰ ਜਗ੍ਹਾ ਆਪਣਾ ਨਾਮ ਬਦਲਣਾ ਬਹੁਤ ਖਰਚੀਲਾ ਹੋ ਸਕਦਾ ਹੈ, ਇਸ ਕਰਕੇ ਅਸੀਂ ਉਦੋਂ ਹੀ ਤਬਦੀਲੀਆਂ ਕਰ ਰਹੇ ਹਾਂ ਜਿਵੇਂ ਜਿਵੇਂ ਉਨ੍ਹਾਂ ਦੀ ਲੋੜ ਪੈਂਦੀ ਹੈ – ਜਿਵੇਂ ਕਿ ਨਵੀਆਂ ਸਾਈਟਾਂ ਦੇ ਸਾਈਨ ਅਤੇ ਨਵੇਂ ਕਰਮਚਾਰੀਆਂ ਦੀਆਂ ਯੂਨੀਫਾਰਮਾਂ।

ਸਾਨੂੰ ਆਪਣੀ ਨਿਊਜ਼ਲੈਟਰ ਵਾਸਤੇ ਨਵੇਂ ਨਾਮ ਦੀ ਲੋੜ ਹੈ ਜੋ ਸਾਡੀ ਸਮੁੱਚੀ ਸੰਸਥਾ ਵਿਚਲੇ ਕਿਰਾਏਦਾਰਾਂ ਅਤੇ ਗਾਹਕਾਂ ਨੂੰ ਸ਼ਾਮਲ ਕਰਦਾ ਹੋਵੇ, ਇਸ ਕਰਕੇ ਅਸੀਂ ਇਕ ਮੁਕਾਬਲਾ ਕਰਾ ਰਹੇ ਹਾਂ ਇਹ ਦੇਖਣ ਵਾਸਤੇ ਕਿ ਕੌਣ ਬੇਹਤਰੀਨ ਨਾਮ ਦਾ ਸੁਝਾਅ ਦਿੰਦਾ ਹੈ। ਜੇਤੂ ਰਹਿਣ ਵਾਲੇ ਦੇ ਸੁਝਾਅ ਨੂੰ ਇਸਤੇਮਾਲ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਰਚਨਾਤਮਕਤਾ ਵਾਸਤੇ ਇਕ ਗਿਫ਼ਟ ਵਾਊਚਰ ਦਿੱਤਾ ਜਾਵੇਗਾ।

ਆਪਣੇ ਨਾਮ ਅਤੇ ਸੰਪਰਕ ਵੇਰਵੇ ਸਮੇਤ ਆਪਣਾ ਸੁਝਾਅ TrustTalks@wrekin.com ਤੇ ਈਮੇਲ ਕਰੋ ਜਾਂ ਮੁਫ਼ਤ-ਡਾਕ ਵਾਲੇ ਪਤੇ ਤੇ ਭੇਜੋ। ਵੇਰਵਾ ਟ੍ਰੱਸਟ ਟਾਕਸ ਦੇ ਪਿਛਲੇ ਪੰਨੇ ਤੇ ਦੇਖਿਆ ਜਾ ਸਕਦਾ ਹੈ।

---

## ਰੀਕਿੰਨ ਸਬੰਧੀ ਵੇਅਨ ਦੇ ਸ਼ਬਦ

ਟ੍ਰੱਸਟ ਟਾਕਸ ਦੇ ਨਵੇਂ ਐਡੀਸ਼ਨ ਵਿਚ ਆਪ ਜੀ ਦਾ ਸਵਾਗਤ।

2020 ਦਾ ਕੈਸਾ ਆਰੰਭ ਹੋਇਆ! ਜਿੱਥੇ ਬ੍ਰੈਕਸਿਟ ਦੀ ਥਾਂ ਸੰਸਾਰਕ ਮਹਾਂਮਾਰੀ ਦੀਆਂ ਖ਼ਬਰਾਂ ਨੇ ਮੱਲ ਲਈ, ਅਤੇ ਇਸ ਸਾਰੇ ਸਮੇਂ ਦੌਰਾਨ ਅਸੀਂ ਲੋਕਾਂ ਦੀ ਜ਼ਿੰਦਗੀ ਨੂੰ ਬੇਹਤਰ ਬਨਾਉਣ ਵਾਸਤੇ ਸਖਤ ਮਹਿਨਤ ਕਰ ਰਹੇ ਹਾਂ।

ਕੋਵਿਡ-19 ਦੇ ਹਮਲੇ ਦੌਰਾਨ ਸਮਝਦਾਰੀ ਅਤੇ ਸਮਰਥਨ ਦਿਖਾਉਣ ਵਾਸਤੇ ਅਸੀਂ ਆਪਣੇ ਸਾਰੇ ਗਾਹਕਾਂ ਦਾ ਧੰਨਵਾਦ ਕਰਦੇ ਹਾਂ। ਕੇਅਰ ਸਰਵਸਿਜ ਅਤੇ ਖਾਸ ਕਰਕੇ ਪੈਸੇ ਅਤੇ ਕਰਜ਼ੇ ਸਬੰਧੀ ਸਹਾਇਤਾ ਅਤੇ ਸਲਾਹ ਪ੍ਰਦਾਨ ਕਰਕੇ ਤੁਹਾਨੂੰ ਤੁਹਾਡੇ ਘਰਾਂ ਵਿਚ ਸੁਰੱਖਿਅਤ ਰੱਖਣ ਵਾਸਤੇ ਲਗਾਤਾਰ ਕੰਮ ਕਰ ਰਹੇ ਹਾਂ। ਜਿਵੇਂ ਕਿ ਤੁਸੀਂ ਟ੍ਰੱਸਟ ਟਾਕਸ ਦੇ ਇਸ ਐਡੀਸ਼ਨ ਵਿਚ ਦੇਖੋਗੇ, ਅਸੀਂ ਆਪਣੇ ਕੰਮ ਕਰਨ ਦੇ ਤਰੀਕੇ ਵਿਚ ਤਬਦੀਲੀ ਲਿਆਂਦੀ ਹੈ ਅਤੇ ਆਪਣੇ ਬਜ਼ੁਰਗ ਅਤੇ ਨਿਰਬਲ ਗਾਹਕਾਂ ਤੱਕ ਵਧੇਰੇ ਸਰਗਰਮੀ ਨਾਲ ਪਹੁੰਚ ਕੀਤੀ ਹੈ। ਜੇ ਤੁਹਾਨੂੰ ਕੋਈ ਮੁਸ਼ਕਲ ਪੇਸ਼ ਆ ਰਹੀ ਹੈ ਤਾਂ ਸਾਡੇ ਨਾਲ ਸੰਪਰਕ ਕਰੋ ਅਤੇ ਅਸੀਂ ਤੁਹਾਡੀ ਸਹਾਇਤਾ ਵਾਸਤੇ ਪੂਰੀ ਕੋਸ਼ਿਸ਼ ਕਰਾਂਗੇ।

ਸਥਿਤੀਆਂ ਬਦਲ ਵੀ ਸਕਦੀਆਂ ਹਨ, ਇਸ ਕਰਕੇ ਨਵੀਂ ਅਤੇ ਤਾਜ਼ਾ ਜਾਣਕਾਰੀ ਵਾਸਤੇ Wrekin.com ਅਤੇ ਸਾਡੇ ਸੋਸ਼ਲ ਮੀਡੀਆ ਚੈਨਲਾਂ ਤੇ ਚੈਕ ਕਰਦੇ ਰਹੋ। ਤੁਸੀਂ coronavirus@wrekin.com ਤੇ ਈਮੇਲ ਕਰਕੇ ਵੀ ਤਾਜ਼ਾ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਤੁਹਾਡੇ ਵਲੋਂ ਜਾਣੇ ਪਛਾਣੇ ਰੂਪ ਵਿਚ ਟ੍ਰੱਸਟ ਟਾਕਸ ਦੀ ਇਹ ਆਖਰੀ ਐਡੀਸ਼ਨ ਹੋਵੇਗੀ। ਅਗਲੀ ਵਾਰ ਇਸਨੂੰ ਅਸੀਂ ਨਵੀਂ ਦਿੱਖ ਅਤੇ ਨਵਾਂ ਨਾਮ ਦੇਵਾਂਗੇ, ਨਵੇਂ ਨਾਮ ਦਾ ਸੁਝਾਅ ਦੇਣ ਵਾਸਤੇ ਮੁਕਾਬਲੇ ਵਿਚ ਸ਼ਾਮਲ ਹੋਵੋ ਅਤੇ ਤੁਸੀਂ ਆਪਣੀ ਐਡੀਸ਼ਨ ਡਿਜਿਟਲੀ ਪ੍ਰਾਪਤ ਕਰਨ ਵਾਸਤੇ ਵੀ ਸਾਈਨ ਅੱਪ ਕਰ ਸਕਦੇ ਹੋ।

ਮੈਨੂੰ ਉਮੀਦ ਹੈ ਕਿ ਤੁਸੀਂ ਅਤੇ ਤੁਹਾਡਾ ਪ੍ਰਵਾਰ ਰਾਜ਼ੀ-ਖੁਸ਼ੀ ਹੋਵੋਗੇ। ਸੁਰੱਖਿਅਤ ਰਹਿਣ ਵਾਸਤੇ ਚੇਤੰਨ ਰਹੋ, ਵਾਇਰਸ ਨੂੰ ਕਾਬੂ ਰੱਖਣ ਅਤੇ ਜਾਨਾਂ ਬਚਾਉਣ ਵਿਚ ਮੱਦਦ ਕਰੋ।

**ਵੇਅਨ ਗੈਟਿੰਗਜ**

---

## ਲੋਰਾ ਹਿਲਡਿਚ: ਟੈਨੰਟਸ' ਪੈਨਲ ਦੀ ਚੇਅਰ

ਮੈਨੂੰ ਉਮੀਦ ਹੈ ਕਿ ਤੁਸੀਂ ਸਾਰੇ ਸੁਰੱਖਿਅਤ, ਤੰਦਰੁਸਤ ਅਤੇ ਆਹਰੇ ਲੱਗੇ ਹੋਏ ਹੋਵੋਗੇ। ਮੈਂ ਇਕ ਨਵਾਂ ਸ਼ੌਂਕ – ਅਕ੍ਰੀਲਿਕ ਪੇਂਟਿੰਗ ਸ਼ੁਰੂ ਕੀਤਾ ਹੈ! ਮੈਂ ਇਕ ਨਵੀਂ ਚੀਜ਼ ਸਿੱਖਣ ਦਾ ਅਨੰਦ ਲੈ ਰਹੀ ਹਾਂ।

ਮੀਟਿੰਗਾਂ ਵਿਚ ਜਾਣ ਦੀ ਬਜਾਏ ਆਪਣੇ ਘਰਾਂ ਵਿਚ ਹੀ ਨੀਤੀਆਂ ਪ੍ਰਾਪਤ ਕਰਕੇ ਦਿ ਟੈਨੰਟਸ' ਪੈਨਲ ਤੁਹਾਡੀ ਤਰਫੋਂ ਕੰਮ ਕਰਨਾ ਜ਼ਾਰੀ ਰੱਖ ਰਿਹਾ ਹੈ। ਸਾਡਾ ਹਾਲ ਹੀ ਵਾਲਾ ਪ੍ਰਾਜੈਕਟ ਸਕੂਟਰ ਪਾਲਿਸੀ ਸੀ, ਜਿਸ ਵਿਚ ਆਪਾਂ ਸਾਰਿਆਂ ਨੇ ਟਿੱਪਣੀਆਂ ਅਤੇ ਸੁਝਾਅ ਪੇਸ਼ ਕੀਤੇ ਸਨ।

ਮੈਨੂੰ ਉਮੀਦ ਹੈ ਕਿ ਤੁਸੀਂ ਸਹਿਮਤ ਹੋਵੋਗੇ ਕਿ ਇਨ੍ਹਾਂ ਗੈਰ-ਮਾਮੂਲੀ ਸਥਿਤੀਆਂ ਦੌਰਾਨ ਦਿ ਰੀਕਿੰਨ ਹਾਊਸਿੰਗ ਗਰੁੱਪ ਅਤੇ ਇਸਦੇ ਕਰਮਚਾਰੀ ਇਕਮੁੱਠ ਰਹੇ ਹਨ। ਮੁੱਖ ਸੇਵਾਵਾਂ ਅਤੇ ਸਲਾਹ ਦੇ ਨਾਲ ਨਾਲ ਉਹ ਆਪਣੀ ਕਮਿਊਨਟੀ ਵਿਚਲੇ ਬਹੁਤੇ ਨਿਰਬਲ ਲੋਕਾਂ ਦੀ ਸਹਾਇਤਾ ਵਾਸਤੇ ਆਪਣਾ ਸਮਾਂ ਅਤੇ ਸੇਵਾਵਾਂ ਖੁਸ਼ੀ ਨਾਲ ਪ੍ਰਦਾਨ ਕਰਦੇ ਆ ਰਹੇ ਹਨ।

ਮੈਨੂੰ ਪਤਾ ਹੈ ਕਿ ਕਠਨ ਸਮਾਂ ਚੱਲ ਰਿਹਾ ਹੈ ਇਸ ਕਰਕੇ ਖਿਆਲ ਰੱਖੋ ਅਤੇ ਇਕ ਦੂਜੇ ਪ੍ਰਤੀ ਹਮਦਰਦੀ ਭਰਿਆ ਵਤੀਰਾ ਰੱਖੋ।

---

## ਠੱਗੀ ਦੇ ਸ਼ਿਕਾਰ ਹੋਣ ਤੋਂ ਕਿਵੇਂ ਬਚਣਾ ਹੈ

ਬਦਕਿਸਮਤੀ ਨਾਲ, ਕੋਵਿਡ-19 ਦੇ ਸ਼ੁਰੂ ਹੋਣ ਤੋਂ ਬਾਅਦ ਠੱਗੀ ਅਤੇ ਘਟਾਲੇ ਦੇ ਕੇਸਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਅਸੀਂ ਤੁਹਾਨੂੰ ਘਟਾਲੇ, ਠੱਗ ਫੇਰੀ ਵਾਲਿਆਂ, ਸ਼ੱਕੀ ਕਾਲਾਂ ਅਤੇ ਈਮੇਲਾਂ ਸਬੰਧੀ ਚੇਤੰਨ ਅਤੇ ਖਬਰਦਾਰ ਰਹਿਣ ਦਾ ਚੇਤਾ ਕਰਾਉਣਾ ਚਾਹੁੰਦੇ ਹਾਂ।

<u>ਫ਼ੋਨ ਕਾਲਾਂ</u>

ਲੋਕ ਤੁਹਾਨੂੰ ਫੋਨ ਕਰਕੇ ਸ਼ਾਇਦ ਤੁਹਾਡੀ ਬੈਂਕ, ਕੌਂਸਲ ਜਾਂ ਰੀਕਿੰਨ ਤੋਂ ਕਾਲ ਕਰ ਰਹੇ ਹੋਣ ਦਾ ਦਾਅਵਾ ਕਰ ਸਕਦੇ ਹਨ। ਅਸੀਂ ਆਪਣੇ ਵਧੇਰੇ ਨਿਰਬਲ ਗਾਹਕਾਂ ਨੂੰ ਹਕੀਕੀ ਕਾਲਾਂ ਕਰਕੇ ਪਤਾ ਕਰਦੇ ਰਹੇ ਹਾਂ ਕਿ ਇਸ ਵੇਲ਼ੇ ਉਨ੍ਹਾਂ ਨੂੰ ਵਧੇਰੇ ਸਹਾਇਤਾ ਦੀ ਲੋੜ ਤਾਂ ਨਹੀਂ।

<u>ਬੂਹੇ ਤੇ ਦਸਤਕ ਦੇਣ ਵਾਲੇ ਠੱਗ</u>

ਬਜ਼ੁਰਗ ਲੋਕਾਂ ਵਾਸਤੇ ਸ਼ਾਪਿੰਗ ਕਰਨ ਦੀ ਪੇਸ਼ਕਸ਼ ਰਾਹੀਂ ਅਪਰਾਧੀ ਉਨ੍ਹਾਂ ਦੇ ਬੂਹੇ ਤੇ ਹੀ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਸਾਨੂੰ ਇਹ ਵੀ ਰਿਪੋਰਟਾਂ ਮਿਲੀਆਂ ਹਨ ਕਿ ਅਪਰਾਧੀ ਲੋਕਾਂ ਦੇ ਘਰਾਂ ਵਿਚ ਦਾਖਲ ਹੋਣ ਵਾਸਤੇ ਉਨ੍ਹਾਂ ਨੂੰ ਰੀਕਿੰਨ ਟ੍ਰੇਡਜ ਦਾ ਨਾਮ ਵਰਤ ਕੇ ਕੋਲਡ-ਕਾਲਾਂ ਕਰ ਰਹੇ ਹਨ।

<u>ਸਕੈਮ (ਫ਼ਰੇਬੀ) ਈਮੇਲ ਅਤੇ ਟੈਕਸਟ ਮੈਸਿਜ</u>

ਸਕੈਮ ਈਮੇਲ ਅਤੇ ਟੈਕਸਟ ਮੈਸਿਜ ਲੋਕਾਂ ਨੂੰ ਹਾਨੀਕਾਰਕ ਅਟੈਚਮੈਂਟਾਂ ਖੋਲਣ ਲਈ ਭਰਮਾ ਸਕਦੇ ਹਨ, ਜਿਸ ਨਾਲ ਉਨ੍ਹਾਂ ਵਾਸਤੇ ਸ਼ਨਾਖਤੀ ਚੋਰੀ ਦਾ ਖਤਰਾ ਪੈਦਾ ਹੋ ਸਕਦਾ ਹੈ। ਇਸ ਤਰਾਂ ਦੇ ਈਮੇਲ ਅਤੇ ਟੈਕਸਟ ਦੇਖਣ ਨੂੰ ਅਸਲ ਅਤੇ ਭਰਮਾਊ ਲੱਗ ਸਕਦੇ ਹਨ – ਖਾਸ ਕਰਕੇ ਜਦੋਂ ਮੁਸ਼ਕਲ ਸਮੇਂ ਵਿਚ ਉਹ ਨਕਦੀ ਜਾਂ ਸਹਾਇਤਾ ਦੀ ਪੇਸ਼ਕਸ਼ ਕਰਦੇ ਹੋਣ। ਇਕ ਆਮ ਸਕੈਮ ਇਹ ਹੈ ਕਿ ਲੋਕਾਂ ਨੂੰ ਐਚ.ਐਮ.ਆਰ.ਸੀ. ਵਲੋਂ ਹੋਣ ਦਾ ਦਾਅਵਾ ਕਰਨ ਵਾਲੇ ਨਕਲੀ ਈਮੇਲ ਕੀਤੇ ਜਾ ਰਹੇ ਹਨ।

<u>ਯਾਦ ਰੱਖੋ</u>

- ਅਸੀਂ ਫੋਨ ਰਾਹੀਂ ਤੁਹਾਡੇ ਕੋਲੋਂ ਤੁਹਾਡੀ ਨਿੱਜੀ ਜਾਣਕਾਰੀ, ਬੈਂਕ ਜਾਂ ਕਾਰਡ ਦਾ ਵੇਰਵਾ ਕਦੇ ਵੀ ਨਹੀਂ ਮੰਗਾਂਗੇ। ਨਾ ਹੀ ਤੁਹਾਡੀ ਬੈਂਕ ਅਤੇ ਨਾ ਹੀ ਲੋਕਲ ਕੌਂਸਲ ਇਹ ਮੰਗ ਕਰੇਗੀ।
- ਜੇ ਕੋਈ ਤੁਹਾਡੇ ਮਕਾਨ ਤੇ ਆ ਕੇ ਰੀਕਿੰਨ ਤੋਂ ਹੋਣ ਦਾ ਦਾਅਵਾ ਕਰਦਾ ਹੈ ਤਾਂ ਹਮੇਸ਼ਾਂ ਉਸਦੀ ਆਈ.ਡੀ. ਦੇਖਣ ਦੀ ਮੰਗ ਕਰੋ। ਜੇ ਕੋਈ ਸ਼ੱਕ ਹੋਵੇ ਤਾਂ ਉਨ੍ਹਾਂ ਨੂੰ ਆਪਣੇ ਘਰ ਨਾ ਵੜਨ ਦੇਵੋ।

ਈਮੇਲਾਂ ਜਾਂ ਟੈਸਕਟਾਂ ਵਿਚਲੇ ਲਿੰਕ ਜੇ ਤੁਹਾਡੇ ਵਾਸਤੇ ਅਣਪਛਾਤੇ ਹਨ ਜਾਂ ਅਜੀਬ ਤਰਾਂ ਦੇ ਲੱਗਦੇ ਹਨ ਤਾਂ ਉਨ੍ਹਾਂ ਤੇ ਕਲਿੱਕ ਨਾ ਕਰੋ। ਉਨ੍ਹਾਂ ਲਿੰਕਾਂ ਉਤੇ ਕਰਸਰ ਲਿਜਾ ਕੇ ਦੇਖੋ ਕਿ ਕੀ ਉਹ ਹਕੀਕੀ ਨਜ਼ਰ ਆਉਂਦੇ ਹਨ। ਜੇ ਤੁਹਾਨੂੰ ਲੱਗਦਾ ਹੈ ਕਿ ਐਚ.ਐਮ.ਆਰ.ਸੀ. ਨਾਲ ਸਬੰਧਤ ਕੋਈ ਫਰੇਬੀ ਈਮੇਲ ਆਇਆ ਹੈ ਤਾਂ ਤੁਸੀਂ ਉਸਨੂੰ GOV.UK ਉਤੇ ਦਿੱਤੀਆਂ ਹੋਈਆਂ ਉਦਾਹਰਨਾ ਨਾਲ ਮਿਲਾ ਕੇ ਚੈਕ ਕਰ ਸਕਦੇ ਹੋ।

ਹੁਸ਼ਿਆਰ ਰਹੋ। ਜੇ ਕੁੱਝ ਅਸਲ ਸਚਾਈ ਤੋਂ ਵੀ ਵਧੀਆ ਲੱਗਦਾ ਹੋਵੇ, ਤਾਂ ਉਹ ਅਕਸਰ ਸਚਾਈ ਤੋਂ ਪਰ੍ਹੇ, ਅਤੇ ਸ਼ਾਇਦ ਸਕੈਮ ਹੀ ਹੋਵੇਗਾ।

ਜੇ ਸਾਡੇ ਵਲੋਂ ਤੁਹਾਡੇ ਨਾਲ ਕੋਈ ਸੰਪਰਕ ਕੀਤਾ ਜਾਂਦਾ ਹੈ ਅਤੇ ਤੁਹਾਨੂੰ ਉਸ ਵਾਰੇ ਪੂਰਾ ਯਕੀਨ ਨਹੀਂ ਤਾਂ ਸਾਡੇ ਨਾਲ 01952 21700 ਤੇ ਫੋਨ ਜਾਂ enquiries@wrekin.com ਤੇ ਈਮੇਲ ਕਰਕੇ ਚੈਕ ਕਰ ਲਵੋ ਕਿ ਕੀ ਇਹ ਅਸਲ ਵਿਚ ਸਾਡੇ ਵਲੋਂ ਹੀ ਹੈ।

ਸ਼ੱਕੀ ਫ਼ਰੇਬ ਦੇ ਕੇਸਾਂ ਦੀ ਰਿਪੋਰਟ ਤੁਸੀਂ ਐਕਸ਼ਨ ਫਰਾਡ ਦੀ ਵੈਬਸਾਈਟ: www.actionfraud.police.uk ਤੇ ਕਰ ਸਕਦੇ ਹੋ।

ਸਕੈਮਾਂ ਸਬੰਧੀ ਵਧੇਰੇ ਸਲਾਹ ਮਸ਼ਵਰੇ ਵਾਸਤੇ ਸਿਟੀਜ਼ਨਜ ਅਡਵਾਈਸ ਦੀ ਵੈਬਸਾਈਟ: www.citizensadvice.org.uk ਦੇਖੋ।

ਫਰਾਡ ਅਤੇ ਸਾਈਬਰ-ਕ੍ਰਾਈਮ ਸਬੰਧੀ ਸਕਰਕਾਰ ਦੀ ਸਲਾਹ ਵਾਸਤੇ GOV.UK ਦੇਖੋ।

---

**ਬਾਲਕਾਨੀਆਂ ਤੇ ਫਾਇਰ ਸੇਫਟੀ**

ਬਾਲਕਾਨੀਆਂ ਉਤੇ ਅੱਗ ਉਤਨੀ ਹੀ ਤੇਜੀ ਨਾਲ ਫੈਲ ਸਕਦੀ ਹੈ ਜਿਤਨੀ ਕਿ ਇਮਾਰਤ ਦੇ ਅੰਦਰ ਇਸ ਕਰਕੇ ਅੱਗ ਦੇ ਖਤਰੇ ਤੋਂ ਬਚਣ ਲਈ ਤੁਹਾਨੂੰ ਬਹੁਤ ਖਿਆਲ ਰੱਖਣਾ ਚਾਹੀਦਾ ਹੈ।

ਐਂਡ੍ਰਿਊ ਲੌਕਯਰ, ਫਾਇਰ ਸੇਫਟੀ ਕੈਟਗਰੀ ਮੈਨੇਜਰ ਦਾ ਕਹਿਣਾ ਹੈ ਕਿ ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਇਸ ਸੋਹਣੇ ਮੌਸਮ ਵਿਚ ਅਤੇ ਲੰਮਾ ਸਮਾਂ ਘਰ ਦੇ ਅੰਦਰ ਰਹਿਣ ਤੋਂ ਬਾਅਦ ਲੋਕ ਆਪਣੀਆਂ ਬਾਲਕਾਨੀਆਂ ਵਰਤਣਾ ਚਹੁਣਗੇ, ਪਰ ਇਸ ਦੌਰਾਨ ਖਾਸ ਖਿਆਲ ਰੱਖਣਾ ਜ਼ਰੂਰੀ ਹੈ। ਸਾਨੂੰ ਯਕੀਨੀ ਬਨਾਉਣਾ ਪਵੇਗਾ ਕਿ ਤੁਸੀਂ ਆਪਣੀ ਬਾਲਕਾਨੀ ਨੂੰ ਇਸ ਤਰੀਕੇ ਨਾਲ ਨਾ ਵਰਤੋ ਕਿ ਤੁਹਾਡੀ ਆਪਣੀ ਜਾਂ ਤੁਹਾਡੇ ਗੁਆਂਢੀਆਂ ਦੀ ਸੁਰੱਖਿਅਤਾ ਵਾਸਤੇ ਕੋਈ ਖਤਰਾ ਪੈਦਾ ਹੋ ਜਾਵੇ।

ਇਸ ਗਰਮ ਰੁੱਤ ਦੌਰਾਨ ਤੁਹਾਡੀ ਸੁਰੱਖਿਆ ਵਾਸਤੇ ਐਂਡ੍ਰਿਊ ਨੇ ਇਹ ਮੁਖ ਨੁਕਤੇ ਤਿਆਰ ਕੀਤੇ ਹਨ:

- ਆਪਣੀ ਬਾਲਕਾਨੀ ਨੂੰ ਠੇਡੇ ਲੱਗਣ ਬਚਾਅ ਕੇ ਅਤੇ ਨਿਕ-ਸੁਕ ਤੋਂ ਰਹਿਤ ਅਤੇ ਸਾਫ ਸੁਧਰੀ ਰੱਖੋ
- ਸਿਗਰੇਟਾਂ ਨੂੰ ਚੰਗੀ ਤਰਾਂ ਬੁਝਾ ਕੇ ਕਿਸੇ ਵਾਜਬ ਡੱਬੇ ਵਿਚ ਪਾਵੋ
- ਆਪਣੀ ਬਾਲਕਾਨੀ ਵਿਚ ਵ੍ਹਾਈਟ ਗੁੱਡਜ, ਫੀਊਲ ਸਲਿੰਡਰਜ ਜਾਂ ਕੋਈ ਹੋਰ ਬਲਣਸ਼ੀਲ ਪਦਾਰਥ ਨਾ ਰੱਖੋ
- ਬਾਲਕਾਨੀ ਵਿਚ ਕਦੇ ਵੀ ਬਾਰਬੀਕਿਊ ਨਾ ਕਰੋ, ਡਿਸਪੋਜੇਬਲ ਵੀ ਨਹੀਂ।

ਇਹ ਵੀ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਮਕਾਨ ਵਿਚਲੇ ਸਮੋਕ ਅਲਾਰਮ ਨੂੰ ਬਾਕਾਇਦਾ ਚੈਕ ਕਰਦੇ ਰਹੋ। ਫਾਇਰ ਸੇਫਟੀ ਸਬੰਧੀ ਵਧੇਰੇ ਜਾਣਕਾਰੀ ਤੁਸੀਂ ਸਾਡੀ ਵੈਬਸਾਈਟ ਤੇ ਦੇਖ ਸਕਦੇ ਹੋ। ਜੇ ਤੁਹਾਨੂੰ ਆਪਣੇ ਮਕਾਨ ਜਾਂ ਬਾਲਕਾਨੀ ਅੰਦਰ ਫਾਇਰ ਸੇਫਟੀ ਸਬੰਧੀ ਕੋਈ ਚਿੰਤਾ ਹੈ ਤਾਂ ਸਾਨੂੰ 01952 217000 ਤੇ ਫੋਨ ਜਾਂ enquiries@wrekin.com ਤੇ ਈਮੇਲ ਕਰੋ।

---

**ਸਮਾਜਿਕ ਬਣੇ ਰਹਿਣਾ**

ਸਾਨੂੰ ਓਲਡਰ ਪੀਪਲ'ਜ ਲੈਂਡਲਾਰਡ ਆਫ ਦਿ ਯੀਅਰ ਵਾਸਤੇ ਨਾਮਜ਼ਦ ਕੀਤਾ ਗਿਆ ਹੈ, ਇਹ ਇਸ ਗੱਲ ਦੀ ਮਿਸਾਲ ਹੈ ਕਿ ਅਸੀਂ ਆਪਣੇ ਬਜ਼ੁਰਗ ਵਸਨੀਕਾਂ ਨਾਲ ਮਿਲਕੇ ਕਿਵੇਂ ਨਿੱਘਾ ਅਤੇ ਜ਼ਿੰਦਾ ਦਿਲ ਭਾਈਚਾਰਾ ਕਾਇਮ ਕਰਨ ਲਈ ਕੰਮ ਕਰ ਰਹੇ ਹਾਂ।

ਇਹ ਨਾਮਜ਼ਦਗੀ ਸਾਡੀਆਂ ਸਕੀਮਾਂ ਵਿਚਲੇ ਸੰਗਠਿਤ ਟ੍ਰਿੱਪਸ ਅਤੇ ਸਮਾਗਮਾਂ ਉਤੇ ਕੇਂਦ੍ਰਿਤ ਹੈ। ਇਨ੍ਹਾਂ ਸਮਾਗਮਾ ਵਿਚ ਬਾਈਆ ਤੋਂ ਬਿੰਗੋ, ਸੀ-ਸਾਈਡ ਹਾਲੀਡੇਜ ਤੋਂ ਸਾਲਾਨਾ ਗਾਰਡਨਿੰਗ ਮੁਕਾਬਲੇ ਤੱਕ ਸ਼ਾਮਲ ਸਨ ਜਿਨ੍ਹਾਂ ਵਿਚ ਸ਼ਮੂਲੀਅਤ ਕਰਨ ਵਾਲਾ ਬਹੁਤ ਕੁੱਝ ਸੀ। ਪਰ ਕੋਵਿਡ-19 ਮਹਾਂਮਾਰੀ ਅਤੇ ਨਵੇਂ ਸੋਸ਼ਲ ਡਿਸਟੈਂਸਿੰਗ ਨਿਯਮਾਂ ਨਾਲ ਅਸੀਂ ਕੀ ਕੁੱਝ ਕਰ ਸਕਦੇ ਹਾਂ ਉਤੇ ਬਹੁਤ ਅਸਰ ਪਿਆ ਹੈ।

ਰਿਟਾਇਰਮੈਂਟ ਹਾਊਸਿੰਗ ਦੀ ਹੈੱਡ ਪੋਲਾ ਰੇਨਲਡਜ ਦਾ ਕਹਿਣਾ ਹੈ; ਬਦਕਿਸਮਤੀ ਨਾਲ ਸਾਰੇ ਵਲੋਂ ਪਸੰਦ ਕੀਤੇ ਜਾਣ ਵਾਲੇ ਕਈ ਸਮਾਜਿਕ ਸਮਾਗਮ ਸਾਨੂੰ ਹਾਲ ਦੀ ਘੜੀ ਕੈਂਸਲ ਕਰਨੇ ਪਏ ਹਨ। ਸਾਨੂੰ ਆਪਣਾ ਧਿਆਨ ਬਦਲ ਕੇ ਆਪਣੇ ਬਜ਼ੁਰਗ ਵਸਨੀਕਾਂ ਨੂੰ ਸੁਰੱਖਿਅਤ ਅਤੇ ਤੰਦਰੁਸਤ ਰੱਖਣ ਅਤੇ ਹਰ ਇਕ ਦੀਆਂ ਲਾਜ਼ਮੀ ਲੋੜਾਂ ਪੂਰੀਆਂ ਕਰਨ ਵੱਲ ਲਾਉਣਾ ਪਿਆ ਹੈ।

ਕੁਇਜ਼ਿਜ ਤੋਂ ਐਰੋਬਿਕਸ, ਸੋਸ਼ਲ ਡਿਸਟੈਂਸਿੰਗ ਦਾ ਇਹ ਅਰਥ ਨਹੀਂ ਕਿ ਅਸੀਂ ਆਪਣੀਆਂ ਸਕੀਮਾਂ ਵਿਚ ਗੈਰ-ਸਮਾਜਿਕ ਬਣ ਜਾਈਏ। ਵਸਨੀਕਾਂ ਦੇ ਨਵੇਂ ਰੋਜ਼ਾਨਾ ਰੁਟੀਨਾ ਵਿਚ ਕੁੱਝ ਸ਼ੁਗਲ ਪੈਦਾ ਕਰਨ ਵਾਸਤੇ ਸਾਥੀ ਨਵੇਂ ਨਵੇਂ ਢੰਗਾ ਨੂੰ ਈਜ਼ਾਦ ਕਰ ਰਹੇ ਹਨ।

ਸ਼ੈਰਨ ਵੇਕਲਿੰਗ, ਸ਼੍ਰਿਊਸਬਰੀ ਵਿਚ ਵਿਦੀਵੁੱਡ ਵਿਖੇ ਸਰਵਿਸ ਮੈਨੇਜਰ ਦਾ ਕਹਿਣਾ ਹੈ; ਮੁਸ਼ਕਲ ਸਮੇਂ ਵਿਚ ਕਿਸੇ ਨੂੰ ਦੋਸਤਾਨਾ ਕਲ੍ਹਾਵੇ ਵਿਚ ਨਾ ਲੈ ਸਕਣਾ ਬੜਾ ਦਿਲ ਦੁਖਾਊ ਹੈ। ਪਰ ਅਸੀਂ ਸਾਰਥਕ ਅਤੇ ਆਪਣੇ ਵਸਨੀਕਾਂ ਨਾਲ ਮਿਲਵਰਤਣ ਦੇ ਨਵੇਂ ਢੰਗ ਤਰੀਕੇ ਅਪਨਾਉਣ ਵਾਸਤੇ ਮਿਲਕੇ ਕੰਮ ਕਰਦੇ ਰਹਿਣਾ ਚਾਹੁੰਦੇ ਹਾਂ।

ਲੋਕ ਛੋਟੀਆਂ ਛੋਟੀਆਂ ਗੱਲਾਂ ਨਾਲ ਵੀ ਖੁਸ਼ ਹੋ ਜਾਂਦੇ ਹਨ ਜਿਵੇਂ ਦਵਾਈ ਦੀ ਡਲਿਵਰੀ ਸਮੇਂ ਮੁਸਕ੍ਰਾਉਂਦਾ ਹੋਇਆ ਚੇਹਰਾ। ਸਾਡੀ ਗੇਮ 'ਨਾਈਸ ਟੂਅ ਮੀਟਰ, ਟੂਅ ਮੀਟਰ ਨਾਈਸ' ਜਨਰੇਸ਼ਨ ਗੇਮ ਉਤੇ ਅਧਾਰਤ ਹੈ ਅਤੇ ਬਹੁਤ ਪਸੰਦ ਕੀਤੀ ਗਈ ਹੈ। ਇਹ ਸਰਲ ਪਰ ਸ਼ੁਗਲ ਭਰਪੂਰ ਹੈ, ਅਤੇ ਇਸ ਵੇਲ੍ਹੇ ਹਰ ਇਕ ਨੂੰ ਇਸੇ ਚੀਜ਼ ਦੀ ਲੋੜ ਹੈ।

ਕਟਰੀਨਾ ਪੂਲਰ, ਈਵੈਂਟਸ ਕੋ-ਆਰਡੀਨੇਟਰ, ਵਾਸਤੇ ਇਹ ਕਾਫੀ ਮੁਸ਼ਕਲ ਸਮਾਂ ਹੈ ਪਰ ਉਸਦੀ ਭੂਮਿਕਾ ਪਹਿਲਾਂ ਵਾਲੀ ਹੀ ਹੈ। “ਮੈਂ ਆਮਤੌਰ ਤੇ ਆਪਣੇ ਗਾਹਕਾਂ ਵਾਸਤੇ ਟ੍ਰਿੱਪਸ, ਸਰਗਰਮੀਆਂ ਅਤੇ ਕਮਿਊਨਟੀ ਗਰੁੱਪਾਂ ਦਾ ਪ੍ਰਬੰਧ ਕਰਨ ਵਾਸਤੇ ਭੱਜ ਦੋੜ ਕਰਦੀ ਰਹਿੰਦੀ ਹਾਂ। ਹਾਲਾਤਾਂ ਵਿਚ ਬਹੁਤ ਸਾਰਾ ਬਦਲਾਵ ਆਉਣ ਨਾਲ ਹਾਲੇ ਵੀ ਸਾਡੇ ਗਾਹਕਾਂ ਵਾਸਤੇ ਸਮਾਜਿਕ ਦੂਰੀ ਅਤੇ ਇਕੱਲੇਪਨ ਦਾ ਖਤਰਾ ਬਣਿਆ ਹੋਇਆ ਹੈ – ਖਾਸ ਕਰਕੇ ਜਦੋਂ ਪ੍ਰਵਾਰ ਜਾਂ ਮਿੱਤਰ ਵੀ ਉਨ੍ਹਾਂ ਨੂੰ ਨਹੀਂ ਮਿਲ ਸਕਦੇ”।

ਅਸੀਂ ਆਪਣੀਆਂ ਸਕੀਮਾਂ ਸਬੰਧੀ ਆਪਣੇ ਸੋਸ਼ਲ ਮੀਡੀਆ ਅਕਾਊਂਟਾਂ ਉਤੇ ਅੱਪਡੇਟ ਪਾਉਂਦੇ ਰਹਿੰਦੇ ਹਾਂ ਵਧੇਰੇ ਫੋਟੋਆਂ ਅਤੇ ਵਿਡੀਓਆਂ ਵਾਸਤੇ ਸਾਨੂੰ ਫੇਸ ਬੁੱਕ ਅਤੇ ਟਵਿੱਟਰ, @WrekinHG ਤੇ ਫੌਲੋਅ ਕਰੋ।

---

**ਆਪਣੇ ਭਾਈਚਾਰਿਆਂ ਦੀ ਸਹਾਇਤਾ ਵਾਸਤੇ ਮਿਲਕੇ ਕੰਮ ਕਰਨਾ**

ਅਨਿਸ਼ਚਿਤਾ ਦੇ ਇਸ ਸਮੇਂ ਦੌਰਾਨ ਸਾਡੇ ਗਾਹਕਾਂ ਅਤੇ ਕਮਿਊਨਟੀਆਂ ਤੱਕ ਲੋੜੀਂਦੀਆਂ ਲਾਜ਼ਮੀ ਸੁਪਲਾਈਆਂ ਪਹੁੰਚਦੀਆਂ ਰਹਿਣ ਨੂੰ ਯਕੀਨੀ ਬਨਾਉਣ ਲਈ ਸਮੁੱਚੇ ਰੀਕਿੰਨ ਵਿਚ ਟੀਮਾਂ ਨਵੀਆਂ ਭੂਮਿਕਾਵਾਂ ਅਪਨਾ ਰਹੀਆਂ ਹਨ।

ਪਲਾਸਟਰ ਕਰਨ ਵਾਲੇ ਅਤੇ ਮੇਨਟਨੈਂਸ ਸੁਪਵਾਇਜ਼ਰਜ ਫੂਡ ਪਾਰਸਲ ਪਹੁੰਚਾ ਰਹੇ ਹਨ, ਕਾਰੋਬਾਰੀ ਸਾਡੀਆਂ ਸਕੀਮਾਂ ਅਤੇ ਕੇਅਰ ਸਥਾਨਾ ਤੇ ਪੀ.ਪੀ.ਈ. ਉਪੜਦਾ ਕਰ ਰਹੇ ਹਨ, ਅਤੇ ਲੀਗਲ ਟੀਮ ਸ਼ਾਇਰਲਿਵਿੰਗ ਸਕੀਮਾ ਦੀ ਸਹਾਇਤਾ ਕਰ ਰਹੀ ਹੈ – ਇਹ ਕੁੱਝ ਉਪਰਾਲੇ ਹਨ। ਕੁੱਝ ਸਟਾਫ ਮੈਂਬਰਾਂ ਨੇ ਉਨ੍ਹਾਂ ਥਾਵਾਂ ਤੇ ਮੱਦਦ ਕਰਨ ਵਾਸਤੇ ਵਲੰਟੀਅਰ ਕੀਤਾ ਹੈ ਜਿੱਥੇ ਬਹੁਤ ਜ਼ਿਆਦਾ ਕੰਮ ਹੈ ਜਿਵੇਂ ਕਿ ਕੇਅਰ ਸਥਾਨ ਅਤੇ ਮਾਇਆ ਅਤੇ ਬੈਨੀਫਿਟਸ ਸਬੰਧੀ ਸਲਾਹ ਮਸ਼ਵਰਾ।

- ਇਹ ਹਨ ਕੁੱਝ ਕੰਮ ਜੋ ਸਾਡਾ ਸਟਾਫ ਕਮਿਊਨਟੀ ਵਿਚ ਕਰਦਾ ਆ ਰਿਹਾ ਹੈ:
- ਸਾਡੇ ਸਾਰੇ ਖੇਤਰਾਂ ਵਿਚ ਫੂਡ ਬੈਂਕਾਂ ਤੋਂ ਲੋੜਵੰਦ ਕਿਰਾਏਦਾਰਾਂ ਤੱਕ ਫੂਡ ਪਾਰਸਲ ਪਹੁੰਚਾਣੇ
- ਦਵਾਈਆਂ ਅਤੇ ਲਾਜ਼ਮੀ ਪਦਾਰਥਾਂ ਦੀ ਸ਼ਾਪਿੰਗ ਵਿਚ ਮੱਦਦ ਕਰਨੀ
- ਰੈਸਪਾਈਟ ਕੇਅਰ ਵਲੋਂ ਮਕਾਨਾ ਦੀ ਡੀਪ ਕਲੀਨਿੰਗ ਕਰਨੀ
- ਨਿਰਬਲ ਗਾਹਕਾਂ ਨੂੰ ਜਾ ਕੇ ਦੇਖਣਾ
- ਦੂਸਰੇ ਸਟਾਫ ਮੈਂਬਰਾਂ ਨੂੰ ਸਮਾਨ ਪਹੁੰਚਾਉਣਾ ਤਾਂ ਕਿ ਉਹ ਘਰੋਂ ਕੰਮ ਕਰ ਸਕਣ
- ਸਾਡੀ ਪੈਂਡੰਟ ਅਲਾਰਮ ਸਰਵਿਸ ਲਈ ਹੋਰ ਮੋਬਾਈਲ ਰਿਸਪੌਂਸ ਅਫਸਰਾਂ ਨੂੰ ਟ੍ਰੇਨਿੰਗ ਦੇਣੀ
- ਫ੍ਰਿੱਜ ਫ੍ਰੀਜ਼ਰ, ਬਿੱਡਾਂ ਅਤੇ ਵਾਸ਼ਿੰਗ ਮਸ਼ੀਨਾ ਵਰਗੇ ਜ਼ਰੂਰੀ ਸਮਾਨ ਨੂੰ ਡਲਿਵਰ ਅਤੇ ਫਿੱਟ ਕਰਨਾ

ਆਪ੍ਰੇਸ਼ਨਲ ਸਰਵਸਿਜ ਦੇ ਅਗਜ਼ੈਕਟਿਵ ਡਾਇਰੈਕਟਰ, ਡੇਵਿਡ ਵੈਲਜ ਦਾ ਕਹਿਣਾ ਹੈ; "ਸਾਡੇ ਸਾਥੀਆਂ ਵਲੋਂ ਦੂਸਰੇ ਭਾਈਵਾਲਾਂ ਨਾਲ ਮਿਲਕੇ ਸਾਡੀ ਕਮਿਊਨਟੀ ਦੀ ਸਹਾਇਤਾ ਵਾਸਤੇ ਕੀਤੇ ਜਾ ਰਹੇ ਕੰਮਾਂ ਉਤੇ ਸਾਨੂੰ ਫ਼ਖਰ ਹੈ। ਹਰ ਕੋਈ ਖੁਸ਼ੀ ਨਾਲ ਆਪਣੇ ਆਪ ਨੂੰ ਅਨਕੂਲ ਬਣਾ ਕੇ ਮੱਦਦ ਕਰ ਰਿਹਾ ਹੈ। ਆਪਣੇ ਵਧੇਰੇ ਨਿਰਬਲ ਗਾਹਕਾਂ ਨਾਲ ਰਾਬਤਾ ਕਾਇਮ ਰੱਖ ਕੇ ਅਸੀਂ ਇਸ ਗੱਲ ਨੂੰ ਯਕੀਨੀ ਬਣਾ ਰਹੇ ਹਾਂ ਕਿ ਲੋਕ ਲੋੜੀਂਦੀ ਸਹਾਇਤਾ ਦੀ ਮੰਗ ਕਰ ਸਕਣ"।

ਸਾਡੇ ਗਾਹਕਾਂ ਵਲੋਂ ਵੀ ਸਾਨੂੰ ਵਧੀਆ ਪ੍ਰਤੀਕ੍ਰਿਆ ਪ੍ਰਾਪਤ ਹੋਈ ਹੈ:

"ਸਾਰੀ ਸਹਾਇਤਾ ਵਾਸਤੇ ਤੁਹਾਡਾ ਧੰਨਵਾਦ। ਮੈਨੂੰ ਬਹੁਤ ਤਸੱਲੀ ਮਿਲਦੀ ਹੈ ਕਿ ਇਸ ਤਰਾਂ ਦੀ ਸਹਾਇਤਾ ਉਪਲੱਬਧ ਹੈ"।

"ਤੁਹਾਡੀਆਂ ਕਾਲਾਂ ਵਾਸਤੇ ਧੰਨਵਾਦ, ਇਹ ਚੰਗੀ ਗੱਲ ਹੈ ਕਿ ਤੁਸੀਂ ਪ੍ਰਵਾਹ ਕਰਦੇ ਹੋ"।

ਮੈਂ ਮੈਡੀਕਲ ਮਸਲਿਆਂ ਕਾਰਨ ਇਸ ਵੇਲ਼ੇ ਸ਼ੀਲਡਿੰਗ ਕਰ ਰਹੀ/ਰਿਹਾ ਹਾਂ ਅਤੇ ਬਾਹਰ ਨਹੀਂ ਜਾ ਸਕਦੀ/ਦਾ। ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੇਰੀ ਮੱਦਦ ਵਾਸਤੇ ਕੋਈ ਮੌਜੂਦ ਹੈ। ਜਦੋਂ ਇਹ ਸਭ ਸਮਾਪਤ ਹੋ ਜਾਵੇਗਾ ਤਾਂ ਮੈਂ ਆਪਣੇ ਲੋਕਲ ਫੂਡ ਬੈਂਕ ਦੀ ਸਹਾਇਤਾ ਕਰਾਂਗੀ/ਗਾ"।

ਮੈਂ ਕਾਲਾਂ ਅਤੇ ਮੈਸਿਜਾਂ ਵਾਸਤੇ ਬਹੁਤ ਸ਼ੁਕਰ ਗੁਜ਼ਾਰ ਹਾਂ। ਚੰਗੇ ਕੰਮ ਜ਼ਾਰੀ ਰੱਖੋ, ਤੁਸੀਂ ਬਹੁਤ ਵਧੀਆ ਕੰਮ ਕਰ ਰਹੇ ਹੋ"!

ਡਿਮੈਂਸ਼ੀਆ ਤੋਂ ਪੀੜਤ ਮੇਰੀ ਮਾਂ ਦੀ ਸਹਾਇਤਾ ਵਾਸਤੇ ਮੈਂ ਤੁਹਾਡਾ/ਡੀ ਬਹੁਤ ਧੰਨਵਾਦੀ ਹਾਂ। ਮੈਂ ਕਾਫੀ ਦੂਰ ਰਹਿੰਦਾ/ਦੀ ਹਾਂ ਇਸ ਕਰਕੇ ਫੂਡ ਪਾਰਸਲ ਅਤੇ ਵੈਲਫੇਅਰ ਕਾਲਾਂ ਬਹੁਤ ਸਹਾਇਕ ਸਿੱਧ ਹੁੰਦੀਆਂ ਹਨ; ਤੁਹਡੇ ਵਲੋਂ ਉਚੀਆਂ ਕਦਰਾਂ ਕੀਮਤਾਂ ਦੀ ਪ੍ਰਦਾਨਗੀ ਵਾਸਤੇ ਮੈਂ ਬਹੁਤ ਧੰਨਵਾਦੀ ਹਾਂ"।

ਜੇ ਤੁਹਾਨੂੰ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੁਹਾਨੂੰ ਵਧੇਰੇ ਸਹਾਇਤਾ ਦੀ ਲੋੜ ਹੈ ਤਾਂ ਸੰਪਰਕ ਕਰਨ ਤੋਂ ਸੰਕੋਚ ਨਾ ਕਰਨਾ। ਵਧੇਰੇ ਜਾਣਕਾਰੀ ਤੁਸੀਂ: Wrekin.com/coronavirusor ਤੇ ਦੇਖ ਸਕਦੇ ਹੋ ਜਾਂ 01952 217100 ਤੇ ਕਾਲ ਕਰੋ ਜਿੱਥੇ ਖੁਸ਼ੀ ਨਾਲ ਤੁਹਾਡੀ ਮੱਦਦ ਕੀਤੀ ਜਾਵੇਗੀ।

---

**ਕੈਲੰਡਰ ਆਰਟ ਕੰਪੀਟੀਸ਼ਨ 2021**

ਅਸੀਂ ਚਾਹੁੰਦੇ ਹਾਂ ਕਿ ਸਾਡਾ 2021 ਦਾ ਕੈਲੰਡਰ ਹੁਣ ਤੱਕ ਦਾ ਬੇਹਤਰੀਨ ਰੰਗੀਨ ਅਤੇ ਮਜ਼ੇਦਾਰ ਹੋਵੇ!

ਐਤਕੀਂ ਦੂਸਰੇ ਸਾਲ ਅਸੀਂ ਇਹ ਕੰਪੀਟੀਸ਼ਨ ਕਰਾ ਰਹੇ ਹਾਂ ਅਤੇ ਸਾਰੇ ਮਹੀਨਿਆਂ ਲਈ ਸਾਡੇ ਰਾਹ ਦਿਸਾਰੇ ਬਨਣ ਵਾਸਤੇ ਅਸੀਂ ਬਾਰਾਂ ਜ਼ਿੰਦਾ ਦਿਲ ਅਤੇ ਰੰਗੀਨ ਚਿੱਤਰ ਚਾਹੁੰਦੇ ਹਾਂ।

ਪ੍ਰਸੰਗ ਹੈ ਤੁਹਾਡੀ ਸਰਦਲ ਤੇ; ਕਿਉਂਕਿ ਸਾਨੂੰ ਵਧੇਰਾ ਸਮਾਂ ਘਰਾਂ ਦੇ ਅੰਦਰ ਰਹਿਣਾ ਪੈ ਰਿਹਾ ਹੈ, ਖਿਆਲ ਕਰੋ ਕਿ ਆਪਣੇ ਆਲੇ ਦੁਆਲੇ ਤੁਸੀਂ ਕੀ ਕੁੱਝ ਦੇਖ ਸਕਦੇ ਹੋ। ਇਹ ਤੁਹਾਡੇ ਵਿੰਡੋ ਰਾਹੀਂ ਨਜ਼ਰ ਆਉਣ ਵਾਲਾ ਦ੍ਰਿਸ਼, ਰੋਜ਼ਾਨਾ ਸੈਰ ਦੌਰਾਨ ਨਜ਼ਰ ਆਉਣ ਵਾਲੀ ਕੋਈ ਚੀਜ਼ ਜਾਂ ਤੁਹਾਡੀ ਪਸੰਦੀਦਾ ਕੋਈ ਨਿਰਜਿੰਦ ਵਸਤੂ ਹੋ ਸਕਦੀ ਹੈ।

ਅਸੀਂ ਰੰਗੀਨ ਅਤੇ ਰਚਨਾਤਮਕ ਆਰਟਵਰਕ ਦੀ ਭਾਲ਼ ਵਿਚ ਰਹਾਂਗੇ। ਉਮਰ ਅਤੇ ਪੇਂਟਿੰਗ ਅਤੇ ਫੋਟੋਗ੍ਰਾਫੀ ਤੋਂ ਲੈ ਕੇ ਕਰੋਸ਼ੀਆ ਅਤੇ ਕੁੰਭਕਾਰੀ ਤੱਕ ਮੀਡੀਆ ਸਬੰਧੀ ਕੋਈ ਪਾਬੰਦੀ ਨਹੀਂ।

ਜੇਤੂ ਇੰਟਰੀਆਂ ਸਾਡੇ 2021 ਵਾਲੇ ਕੈਲੰਡਰ ਵਿਚ ਛਾਪੀਆਂ ਜਾਣਗੀਆਂ ਅਤੇ ਸਮੁੱਚੇ ਰੂਪ ਵਿਚ ਜੇਤੂ ਰਹਿਣ ਵਾਲੇ ਨੂੰ ਮੂਹਰਲੇ ਪੰਨੇ ਤੇ ਛਪਣ ਦਾ ਮਾਣ ਦਿੱਤਾ ਜਾਵੇਗਾ। ਜੇਤੂਆਂ ਦੇ ਸਨਮਾਨ ਵਾਸਤੇ ਅਸੀਂ ਇਸ ਸਾਲ ਬਾਅਦ ਵਿਚ ਇਕ ਪ੍ਰਦਰਸ਼ਨੀ ਲਗਾਵਾਂਗੇ। ਸ਼ੁਭ ਇੱਛਾਵਾਂ!

ਆਪਣੀ ਇੰਟਰੀ calendar@wrekin.com ਤੇ ਈਮੇਲ ਕਰੋ। ਨਿਯਮਾ ਅਤੇ ਹਦਾਇਤਾਂ ਸਮੇਤ ਵਧੇਰੇ ਜਾਣਕਾਰੀ ਤੁਸੀਂ Wrekin.com/calendar ਤੇ ਦੇਖ ਸਕਦੇ ਹੋ।

---

**ਤਿੰਨ ਜਾਦੂਈ ਨੰਬਰ ਹੈ – ਤੀਹਰਾ ਇਨਾਮ ਨਾਮਜ਼ਦਗੀਆਂ**

ਯੂਕੇ ਹਾਊਸਿੰਗ ਸੈਕਟਰ ਵਿਚ ਬੇਹਤਰੀਨ ਕੰਮ ਦੀ ਪ੍ਰਸੰਸਾ ਕਰਨ ਵਾਲੇ ਇਨਾਮ ਵਲੋਂ ਸਾਨੂੰ ਤਿੰਨ ਇਨਾਮਾਂ ਵਾਸਤੇ ਚੋਣਵੇਂ ਉਮੀਦਵਾਰਾਂ ਵਿਚ ਰੱਖਿਆ ਗਿਆ ਹੈ।

ਇਨੋਵੇਟਰ ਆਫ ਦਿ ਯੀਅਰ: ਸਾਡੇ ਕੰਮ ਢੰਗ ਵਿਚ ਤਬਦੀਲੀ ਲਿਆ ਸਕਣ ਯੋਗ ਸਾਡੇ ਆਪਣੇ ਆਈ.ਟੀ. ਸਿਸਟਮ ਦੀ ਕਾਢ ਅਤੇ ਵਿਕਾਸ ਵਾਸਤੇ।

ਰੈਜ਼ੀਡੈਂਟ ਇੰਪਲਾਇਮੈਂਟ ਐਂਡ ਟ੍ਰੇਨਿੰਗ: ਸਾਡੀ ਪਿਛਲੀ ਐਡੀਸ਼ਨ ਵਿਚ ਛਾਪੇ ਗਏ ਦਿ ਮਾਰਚਿਜ ਕੰਸਟ੍ਰੱਕਸ਼ਨ ਰੈਡੀ ਪ੍ਰਾਜੈਕਟ ਰਾਹੀਂ ਰੁਜ਼ਗਾਰ ਪ੍ਰਾਪਤ ਕਰ ਸਕਣ ਲਈ ਆਪਣੇ ਵਸਨੀਕਾਂ ਲਈ ਲੋੜੀਂਦੇ ਹੁਨਰ, ਤਜਰਬਾ ਅਤੇ ਭਰੋਸਾ ਪੈਦਾ ਕਰਨ ਲਈ ਸਹਾਇਤਾ ਵਾਸਤੇ।

ਬੈਸਟ ਓਲਡਰ ਪੀਪਲ'ਜ ਲੈਂਡਲਾਰਡ।

ਇਸ ਸਾਲ ਬਾਅਦ ਵਿਚ ਨਤੀਜੇ ਐਲਾਨ ਕਰ ਦਿੱਤੇ ਜਾਣਗੇ ਅਤੇ ਅਸੀਂ ਤੁਹਾਨੂੰ ਸੂਚਿਤ ਕਰਾਂਗੇ ਕਿ ਕੀ ਕੁੱਝ ਹੋਇਆ ਹੈ!

---

**ਦਿ ਰੀਕਿੰਨ ਟੈਂਨੰਟਸ' ਚਾਰਟਰ**

ਤੁਹਡੇ ਵਿਚੋਂ ਕਈਆਂ ਨੂੰ ਪਿਛਲੇ ਸਾਲ ਸਾਡੇ ਵਲੋਂ ਨੈਸ਼ਨਲ ਹਾਊਸਿੰਗ ਫੈਡਰੇਸ਼ਨ ਅਤੇ ਦਿ ਟੂਗੈਦਰ ਵਿੱਦ ਟੈਂਨੰਟਸ ਇਨੀਸ਼ੀਏਟਿਵ ਸਬੰਧੀ ਕਰਾਏ ਗਏ ਵਿਚਾਰ ਵਟਾਂਦਰੇ ਬਾਰੇ ਯਾਦ ਹੋਵੇਗਾ। ਇਸ ਪਹਿਲ ਕਦਮੀ ਨੂੰ ਵੇਲ਼ੇ ਸਿਰ ਅਪਨਾਉਣ ਵਾਸਤੇ ਰੀਕਿੰਨ ਨੇ ਵਲੰਟੀਅਰ ਕੀਤਾ ਸੀ ਅਤੇ ਉਸ ਤੋਂ ਬਾਅਦ ਨਵੇਂ ਟੈਂਨੰਟਸ ਚਾਰਟਰ ਬਾਰੇ ਸਹਿਮਤੀ ਹੋ ਗਈ ਹੈ। ਇਸ ਚਾਰਟਰ ਵਿਚ ਛੇਅ ਨਵੀਆਂ ਟੂਗੈਦਰ ਵਿੱਦ ਟੈਂਨੰਟਸ ਵਚਨਬੱਧਤਾਵਾਂ ਅਤੇ ਦੁਬਾਰਾ ਵਿਚਾਰੇ ਗਏ ਸਰਵਿਸ ਜਾਂ ਲੋਕਲ ਸਟੈਂਡਰਡਜ ਸ਼ਾਮਲ ਹਨ।

ਤੁਹਾਡੇ ਨਾਲ ਕੀਤੀਆਂ ਸਾਰੀਆਂ ਵਚਨਬੱਧਤਾਵਾਂ ਦੀ ਪੂਰਤੀ ਵਾਸਤੇ ਸਮੁੱਚੀ ਸੰਸਥਾ ਸਮਰਪਿਤ ਹੈ, ਸਾਡੇ ਕੁੱਝ ਕੁ ਲੋਕਲ ਸਟੈਂਡਰਡਜ ਸਰਕਾਰ ਦੀਆਂ ਸੋਸ਼ਲ ਡਿਸਟੈਂਸਿੰਗ ਪਾਬੰਦੀਆਂ ਤੋਂ ਪ੍ਰਭਾਵਿਤ ਹਨ ਪਰ ਜਿੰਨੀਂ ਜਲਦੀ ਹੋ ਸਕੇ ਉਨ੍ਹਾਂ ਨੂੰ ਦੁਬਾਰਾ ਸ਼ੁਰੂ ਕਰ ਦਿੱਤਾ ਜਾਵੇਗਾ। ਸਾਡੀਆਂ ਵਚਨਬੱਧਤਾਵਾਂ ਇਹ ਹਨ:

<u>ਰੀਲੇਸ਼ਨਸ਼ਿਪਸ:</u> ਪਰਸਪਰ ਮੇਲ ਮਿਲਾਪ ਦੌਰਾਨ ਅਸੀਂ ਸਭ ਵਸਨੀਕਾਂ ਨਾਲ ਆਦਰ ਮਾਣ ਨਾਲ ਪੇਸ਼ ਆਵਾਂਗੇ। ਕਿਰਾਏਦਾਰਾਂ ਅਤੇ ਵਸਨੀਕਾਂ ਨਾਲ ਸਾਡਾ ਸਬੰਧ ਖੁੱਲਾ, ਇਮਾਨਦਾਰ ਅਤੇ ਪਾਰਦਰਸ਼ੀ ਹੋਵੇਗਾ।

<u>ਕਮਿਊਨੀਕੇਸ਼ਨ:</u> ਮਕਾਨਾਂ ਅਤੇ ਲੋਕਲ ਕਮਿਊਨਟੀ, ਅਸੀਂ ਸਮੱਸਿਆਵਾਂ ਨੂੰ ਕਿਵੇਂ ਸੰਬੋਧਤ ਹੁੰਦੇ ਹਾਂ, ਅਸੀਂ ਕਿਵੇਂ ਚੱਲਦੇ ਹਾਂ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਮਸਲਿਆਂ ਸਬੰਧੀ ਸਮੇਂ ਸਿਰ ਆਸਾਨੀ ਨਾਲ ਪਹੁੰਚ ਵਿਚ ਆਉਣ ਵਾਲੀ ਪੂਰੀ ਅਤੇ ਸਪੱਸ਼ਟ ਜਾਣਕਾਰੀ ਦਿੰਦੇ ਰਹਾਂਗੇ।

<u>ਆਵਾਜ਼ ਅਤੇ ਅਸਰ ਰਸੂਖ:</u> ਕਿਰਾਏਦਾਰਾਂ ਅਤੇ ਵਸਨੀਕਾਂ ਦੇ ਵਿਚਾਰ ਲਏ ਅਤੇ ਸਤਿਕਾਰੇ ਜਾਣਗੇ, ਅਤੇ ਇਸ ਜਾਣਕਾਰੀ ਨੂੰ ਫੈਸਲੇ ਕਰਨ ਲਈ ਵਰਤਿਆ ਜਾਵੇਗਾ। ਹਰ ਕਿਰਾਏਦਾਰ ਅਤੇ ਵਸਨੀਕ ਵਿਅਕਤੀਗੱਤ ਤੌਰ ਤੇ ਮਹਿਸੂਸ ਕਰੇਗਾ/ਗੀ ਕਿ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਮਸਲਿਆਂ ਸਬੰਧੀ ਅਸੀਂ ਉਸਦੀ ਗੱਲ ਸੁਣਦੇ ਹਾਂ ਅਤੇ ਉਹ ਬਿਨਾਂ ਕਿਸੇ ਡਰ ਦੇ ਆਪਣੀ ਗੱਲ ਕਹਿ ਸਕਦਾ/ਦੀ ਹੈ।

<u>ਜਵਾਬਦੇਹੀ:</u> ਉਨ੍ਹਾਂ ਦੇ ਮਕਾਨਾਂ ਅਤੇ ਸੇਵਾਵਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ, ਸਾਡੇ ਵਲੋਂ ਮੁਹੱਈਆ ਕਰਾਏ ਗਏ ਮਕਾਨਾਂ ਅਤੇ ਸੇਵਾਵਾਂ ਦੀ ਕੁਆਲਟੀ ਦੀ ਪੁਣਛਾਣ ਕਰਨ ਅਤੇ ਸਾਨੂੰ ਜਵਾਬਦੇਹ ਬਨਾਉਣ ਲਈ ਕਿਰਾਏਦਾਰ ਅਤੇ ਵਸਨੀਕ ਸਾਡੇ ਨਾਲ ਮਿਲਕੇ ਭਾਈਵਾਲ੍ਹੀ ਰਾਹੀਂ ਕੰਮ ਕਰਨਗੇ।

<u>ਕੁਆਲਟੀ:</u> ਕਿਰਾਏਦਾਰ ਅਤੇ ਵਸਨੀਕ ਸਾਡੇ ਕੋਲੋਂ ਚੰਗੀ ਤਰਾਂ ਮੇਨਟੇਨ ਕੀਤੇ ਸੁਰੱਖਿਅਤ ਅਤੇ ਸੁਚੱਜੇ ਪ੍ਰਬੰਧ ਵਾਲੇ ਵਧੀਆ ਕੁਆਲਟੀ ਦੇ ਮਕਾਨਾਂ ਦੀ ਉਮੀਦ ਰੱਖ ਸਕਦੇ ਹਨ।

<u>ਜਦੋਂ ਕੁੱਝ ਗਲਤ ਹੋ ਜਾਵੇ:</u> ਮਸਲੇ ਉਠਾਉਣ, ਸ਼ਕਾਇਤਾਂ ਕਰਨ ਅਤੇ ਪ੍ਰਤੀਕਰਮ ਮੰਗਣ ਵਾਸਤੇ ਕਿਰਾਏਦਾਰਾਂ ਅਤੇ ਵਸਨੀਕਾਂ ਕੋਲ ਸਰਲ ਅਤੇ ਸੌਖੇ ਢੰਗ ਤਰੀਕੇ ਹੋਣਗੇ। ਜੇ ਕੁੱਝ ਗਲਤ ਵਾਪਰ ਜਾਂਦਾ ਹੈ ਤਾਂ ਕਿਰਾਏਦਾਰਾਂ ਅਤੇ ਵਸਨੀਕਾਂ ਨੂੰ ਸਮੇਂ ਸਿਰ ਸਲਾਹ ਅਤੇ ਸਹਾਇਤਾ ਦਿੱਤੀ ਜਾਵੇਗੀ।

ਸੰਪੂਰਨ ਰੀਕਿੰਨ ਟੈਂਨੰਟਸ' ਚਾਰਟਰ ਸਾਡੀ ਵੈਬਸਾਈਟ Wrekin.com ਤੇ ਦੇਖਿਆ ਜਾ ਸਕਦਾ ਹੈ। ਅਸੀਂ ਇਸ ਵੈਬਸਾਈਟ ਉਤੇ 2019/20 ਲਈ ਆਪਣੀ ਮੁਖ ਸੰਚਾਲਕ ਕਾਰਗੁਜ਼ਾਰੀ ਅਤੇ ਸਾਡੀਆ ਮੁਖ ਸੰਚਾਲਕ ਨੀਤੀਆਂ, ਜੋ ਸਾਡੇ ਨਵੇਂ ਸਰਵਸਿਜ ਸਟੈਂਡਰਡਜ ਹਨ, ਦਾ ਜ਼ਿਕਰ ਕਰਦੇ ਹਾਂ। ਇਨ੍ਹਾਂ ਸਬੰਧੀ ਫੀਡਬੈਕ ਦੇਣ ਅਤੇ ਇਹ ਤੁਹਾਨੂੰ ਪਸੰਦ ਹਨ ਜਾਂ ਤੁਸੀਂ ਕੋਈ ਹੋਰ ਕਾਰਗੁਜ਼ਾਰੀ ਜਾਂ ਨੀਤੀਆਂ ਚਾਹੁੰਦੇ ਹੋ ਬਾਰੇ ਸਾਨੂੰ ਦੱਸ ਸਕਣ ਦਾ ਤੁਹਾਨੂੰ ਮੌਕਾ ਦਿੱਤਾ ਜਾਂਦਾ ਹੈ।

ਤੁਹਾਡਾ ਕਸਟਰਮਰ ਅਸ਼ੋਰੈਂਸ ਪੈਨਲ ਸਾਡੇ ਵਲੋਂ ਚਾਰਟਰ ਦੀ ਕੀਤੀ ਜਾਂਦੀ ਪਾਲਣਾ ਦੀ ਨਜ਼ਰਸਾਨੀ ਕਰਕੇ ਕਸਟਮਰ ਵਾਈਸ ਪੈਨਲ ਅਤੇ ਬੋਰਡ ਨੂੰ ਫੀਡਬੈਕ ਦੇਵੇਗਾ। ਉਨ੍ਹਾਂ ਵਲੋਂ ਪਤਾ ਲਗਾਈਆਂ ਗਈਆਂ ਗੱਲਾਂ ਨੂੰ ਅਸੀਂ ਆਪਣੀ ਵੈਬਸਾਈਟ ਤੇ ਵੀ ਛਾਪਾਂਗੇ।

<u>ਸ਼ਾਮਲ ਕਿਰਾਏਦਾਰ ਬਣੋ</u>

ਅਸੀਂ ਟੈਂਨੰਟਸ ਪੈਨਲ, ਸਾਡੇ ਆਡਿਟ ਗਰੁੱਪ ਅਤੇ ਅਸ਼ੋਰੈਂਸ ਪੈਨਲ ਵਿਚ ਸ਼ਾਮਲ ਹੋਣ ਵਾਸਤੇ ਨਵੇਂ ਮੈਂਬਰਾਂ ਦੀ ਭਾਲ੍ਹ ਵਿਚ ਹਾਂ। ਜੇ ਤੁਸੀਂ ਵਧੇਰੇ ਜਾਨਣਾ ਜਾਂ ਕਿਸੇ ਵੀ ਤਰੀਕੇ ਨਾਲ ਸ਼ਾਮਲ ਹੋਣਾ ਚਾਹੁੰਦੇ ਹੋ ਤਾਂ 01952 217181 ਤੇ ਫੋਨ ਜਾਂ getinvolved@wrekin.com ਤੇ ਫੋਨ ਕਰੋ।

-ਸਮਾਪਤ-